**ਪਹਿਲਾਂ ਐਪਿਸੋਡ**
**ਐਡੀਸ਼ਨ ਫੋਰ ਸਿੱਖ ਆਫ ਅਮਰੀਕਾ ਵਰਲਡ ਕੰਪੀਟੀਸ਼ਨ**

**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ**

**ਸ੍ਰੀ ਗੁਰੂ ਤੇਗ ਬਹਾਦਰ ਜੀ**

**ਪ1.**ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
ੳ.ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਧੀ ਪੰਜਵੀਂ 5 ਵੈਸਾਖ ਬਿਕਰਮੀ ਸੰਮਤ 1678, 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿਖੇ ਗੁਰੂ ਕੇ ਮਹਿਲ ਨਾਮੀ ਘਰ ਵਿੱਚ ਹੋਇਆ। ਉਨ੍ਹਾਂ ਦੇ ਚਾਰ ਭਰਾ ਸਨ ਜਿਨ੍ਹਾਂ ਦੇ ਨਾਮ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ ਬਾਬਾ ਟੱਲ ਅਤੇ  ਭੈਣ ਦਾ ਨਾਮ ਬੀਬੀ ਵੀਰੋ ਜੀ ਸੀ। ਉਹ ਸ੍ਰੀ ਗੁਰੂ ਹਰਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ।

ਪ3. ਗੁਰੂ ਤੇਗ ਬਹਾਦਰ ਜੀ ਨੂੰ ਤੇਗ ਬਹਾਦਰ ਕਿਉਂ ਕਿਹਾ ਜਾਣ ਲੱਗਾ?
ੳ.ਉਨ੍ਹਾਂ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਸ੍ਰੀ ਗੁਰੂ ਹਰਗੋਬਿੰਦ ਜੀ ਨੇ ਕਰਤਾਰਪੁਰ ਦੀ ਜੰਗ ਵਿੱਚ ਤਿਆਗ ਮੱਲ ਵੱਲੋਂ ਵਿਖਾਏ ਕਿਰਪਾਨ ਦੇ ਜੌਹਰ ਅਤੇ ਪੈਂਦੇ ਖਾਨ ਵਿਰੁੱਧ ਵਿਖਾਈ ਬਹਾਦਰੀ ਨੂੰ ਦੇਖਦਿਆਂ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖਿਆ,ਪਰ ਉਹ ਖੁਦ ਨੂੰ ਦੇਗ ਬਹਾਦਰ ਅਖਵਾਉਣਾ ਪਸੰਦ ਕਰਦੇ ਸਨ।

ਪ4. ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਚਪਨ ਕਿਵੇਂ ਗੁਜ਼ਾਰਿਆ?
ੳ. ਗੁਰੂ ਤੇਗ ਬਹਾਦਰ ਜੀ ਬਚਪਨ ਵਿੱਚ ਹੀ ਆਪਣੇ ਘਰ ਅੰਦਰ ਬੈਠਦੇ ਅਤੇ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ। ਉਹ ਬਾਹਰ ਬੱਚਿਆਂ ਨਾਲ ਘੱਟ ਹੀ ਖੇਡਦੇ। ਘਰ ਵਿੱਚ ਧਾਰਮਿਕ ਮਾਹੌਲ ਨੇ ਉਨ੍ਹਾਂ ਉੱਪਰ ਬਹੁਤ ਪ੍ਰਭਾਵ ਪਾਇਆ। ਕੁਦਰਤੀ ਤੌਰ ਤੇ ਉਨ੍ਹਾਂ ਵਿੱਚ ਮਨੁੱਖਤਾ ਦੀ ਸੇਵਾ ਅਤੇ ਤਿਆਗ ਦੀ ਭਾਵਨਾ ਵਿਕਸਿਤ ਹੋਈ। ਛੇ ਸਾਲ ਦੀ ਉਮਰ ਤੋਂ ਬਾਅਦ ਉਨ੍ਹਾਂ ਦੀ ਸਿੱਖਿਆ  ਸ਼ੁਰੂ ਹੋਈ।

ਪ5.;ਗੁਰੂ ਤੇਗ ਬਹਾਦਰ ਜੀ ਨੇ ਕੀ ਸਿੱਖਿਆ?
ੳ.ਗੁਰੂ ਤੇਗ ਬਹਾਦਰ ਜੀ ਨੇ ਤੰਤੀ ਸਾਜਾਂ ਤੋਂ ਸੰਗੀਤ ਵਿੱਦਿਆ ਸਿੱਖੀ।
ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਗੁਰਬਾਣੀ ਤੋਂ ਇਲਾਵਾ ਇਤਿਹਾਸ ਵੀ ਪੜ੍ਹਾਇਆ। ਇਸ ਤੋਂ ਇਲਾਵਾ ਗੁਰੂ ਸਾਹਿਬ ਨੂੰ ਘੋੜ ਸਵਾਰੀ, ਤਲਵਾਰਬਾਜ਼ੀ, ਨੇਜ਼ਾਬਾਜ਼ੀ ਅਤੇ ਤੀਰ ਅੰਦਾਜ਼ੀ ਵੀ ਸਿਖਾਈ ਗਈ। ਉਨ੍ਹਾਂ ਨੇ ਅੰਮ੍ਰਿਤਸਰ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੀ ਜੰਗ ਵਿੱਚ ਹਿੱਸਾ ਵੀ ਲਿਆ।

ਪ6. ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਦੋਂ ਅਤੇ ਕਿੱਥੇ ਹੋਇਆ?
ੳ. ਸੰਮਤ 1689,14 ਸਤੰਬਰ 1632 ਨੂੰ ਪੰਦਰਾਂ ਸਾਲ ਦੀ ਉਮਰ ਵਿੱਚ ਗੁਰੂ ਤੇਗ਼ ਬਹਾਦਰ ਜੀ ਦਾ ਵਿਆਹ ਸ੍ਰੀ ਲਾਲ ਚੰਦ ਅਤੇ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਨਾਲ ਕਰਤਾਰਪੁਰ ਵਿਖੇ ਹੋਇਆ। ਗੁਰੂ ਸਾਹਿਬ ਘਰ ਪੋਹ ਸੁਦੀ ਸੱਤਵੀਂ ਸੰਮਤ 1723, 22 ਦਸੰਬਰ 1666 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਮਾਤਾ ਗੁਜਰ ਕੌਰ ਜੀ ਇੱਕ ਧਾਰਮਿਕ ਖਿਆਲਾਂ ਦੇ ਔਰਤ ਸਨ ਅਤੇ ਉਨ੍ਹਾਂ ਦੇ ਪਿਤਾ ਜੀ ਇੱਕ ਬਹੁਤ ਹੀ ਅਮੀਰ ਵਿਅਕਤੀ ਸਨ।

ਪ7ੑ, 1644 ਤੋਂ 1666 ਤੱਕ ਗੁਰੂ ਤੇਗ ਬਹਾਦਰ ਜੀ ਕਿੱਥੇ ਰਹੇ?
ੳ. ਛੇਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਸਾਹਿਬ ਦੇ ਮਾਤਾ ਜੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਤਨੀ ਮਾਤਾ ਗੁਜਰੀ ਜੀ ਨੂੰ ਆਪਣੇ ਪਿੰਡ ਬਕਾਲਾ ਲੈ ਗਈ ਜੋ ਬਿਆਸ ਦਰਿਆ ਦੇ ਨੇੜੇ ਵਸਿਆ ਸੀ। ਕੁਝ ਇਤਿਹਾਸਕਾਰ ਕਹਿੰਦੇ ਹਨ ਕਿ ਭਾਈ ਮਹਿਰਾ ਜੀ ਜੋ ਗੁਰੂ ਘਰ ਦਾ ਸ਼ਰਧਾਲੂ ਸੀ ਉਸਨੇ ਗੁਰੂ ਸਾਹਿਬ ਵਾਸਤੇ ਇੱਕ ਘਰ ਉਸਾਰ ਕੇ ਦਿੱਤਾ ਜਿੱਥੇ ਗੁਰੂ ਤੇਗ ਬਹਾਦਰ ਜੀ 1644 ਤੋਂ 1666 ਤੱਕ ਰਹੇ।

ਪ8.ਗੁਰੂ ਤੇਗ ਬਹਾਦਰ ਜੀ ਦੇ ਤੱਪ ਦਾ ਅਸਲ ਮਤਲਬ ਕੀ ਸੀ?
ੳ. ਇਹ ਗਲਤ ਧਾਰਨਾ ਹੈ ਕਿ ਗੁਰੂ ਜੀ ਨੇ ਆਪਣੇ ਘਰ ਵਿੱਚ ਅਲੱਗ ਸਥਾਨ ਬਣਾਇਆ ਹੋਇਆ ਸੀ ਜਿੱਥੇ ਬੈਠ ਕੇ ਉਹ ਭਗਤੀ ਹੀ ਕਰਦੇ ਸਨ। ਆਤਮਾ ਦੀ ਸ਼ੁੱਧੀ ਲਈ ਅਤੇ ਆਪਣਾ ਮੂਲ ਪਛਾਨਣ ਲਈ ਕੀਤੀ ਗਈ ਭਗਤੀ ਨੂੰ ਗਲਤ ਤਰੀਕੇ ਨਾਲ ਸਮਝਿਆ ਗਿਆ। ਗੁਰੂ ਨਾਨਕ ਦਾ ਸਿਧਾਂਤ ਕਹਿੰਦਾ ਹੈ ਕਿ ਰੂਹਾਨੀ ਪ੍ਰਕਾਸ਼ ਦੀ ਪ੍ਰਾਪਤੀ ਤੋਂ ਬਾਅਦ ਉਹ ਸ਼ਖ਼ਸ ਦੁਨੀਆ ਦਾ ਹਨੇਰਾ ਦੂਰ ਕਰਕੇ ਉਨ੍ਹਾਂ ਨੂੰ ਮੁਕਤ ਕਰਦਾ ਹੈ।

ਪ9. ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਕੀ ਕਿਹਾ?
ੳ.ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ ਕਹਿੰਦੇ ਹਨ ਕਿ ਸੇਵਾ ਤੋਂ ਬਿਨਾਂ ਪਰਮਾਤਮਾ ਦਾ ਪਿਆਰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਗੁਰੂ ਤੇਗ ਬਹਾਦਰ ਜੀ ਵੱਲੋਂ ਸ਼ਾਂਤ ਚਿੱਤ ਹੋ ਕੇ ਕੀਤੀ ਭਗਤੀ ਪਰਮਾਤਮਾ ਦੀ ਸੇਵਾ ਹੀ ਸੀ ਜਿਸ ਦੁਆਰਾ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂ ਨਾਨਕ ਵੱਲੋਂ ਜਗਾਈ ਰੌਸ਼ਨੀ ਦੀ ਮਸ਼ਾਲ ਪ੍ਰਾਪਤ ਹੋਈ। ਇਹ ਸੇਵਾ ਭਗਤੀ ਤੋਂ ਹੀ ਗੁਰੂ ਸਾਹਿਬ ਦੇ ਅੰਦਰ ਮਨੁੱਖਤਾ ਦੀ ਸੇਵਾ ਤੇ ਆਪਾ ਵਾਰਨ ਦੀ ਭਾਵਨਾ ਪੈਦਾ ਹੋਈ। ਉਨ੍ਹਾਂ ਨੇ ਸਾਰੀ ਉਮਰ ਦੂਸਰਿਆਂ ਲਈ ਕੁਰਬਾਨੀਆਂ ਕੀਤੀਆਂ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਤਾ ਗੱਦੀ ਦਿੱਤੀ ਤਾਂ ਸਭ ਤੋਂ ਪਹਿਲਾਂ ਸਿਰ ਝੁਕਾਉਣ ਵਾਲੇ ਗੁਰੂ ਤੇਗ ਬਹਾਦਰ ਜੀ ਹੀ ਸਨ। ਉਨ੍ਹਾਂ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਕਿਸੇ ਵੀ ਫੈਸਲੇ ਤੇ ਇਤਰਾਜ਼ ਨਹੀਂ ਸੀ ਕੀਤਾ।

ਪ10. ਗੁਰੂ ਤੇਗ ਬਹਾਦਰ ਜੀ ਨੂੰ ਇਹ ਖ਼ਬਰ ਕਿਸ ਅਸਥਾਨ ਤੇ ਮਿਲੀ ਕਿ ਗੁਰੂ ਹਰਿਰਾਏ ਜੀ ਜੋਤੀ ਜੋਤ ਸਮਾ ਚੁੱਕੇ ਹਨ?
ੳ. ਜਦੋਂ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਸਾਹਿਬ ਦੇ ਸਥਾਨ ਤੇ ਰਹਿ ਰਹੇ ਸਨ ਤਾਂ ਉਨ੍ਹਾਂ ਨੇ ਗੋਇੰਦਵਾਲ ਸਾਹਿਬ  ਕੀਰਤਪੁਰ ਸਾਹਿਬ , ਬਨਾਰਸ। ਹਰਿਦੁਆਰ ਅਤੇ ਆਗਰਾ ਵਰਗੇ ਕਈ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ। ਗੁਰੂ ਸਾਹਿਬ ਦੇ ਸੱਚੇ ਸਿੱਖ ਭਾਈ ਜੇਠਾ ਜੀ ਉਨ੍ਹਾਂ ਨੂੰ ਪਟਨਾ ਸਾਹਿਬ ਵਿਖੇ ਲੈ ਕੇ ਗਏ ਸਨ ਜਿੱਥੇ ਉਨ੍ਹਾਂ ਨੂੰ ਗੁਰੂ ਹਰ ਰਾਇ ਜੀ ਦੇ ਜੋਤੀ ਜੋਤ ਸਮਾਉਣ ਦੀ ਖਬਰ 6 ਅਕਤੂਬਰ 1661 ਨੂੰ ਮਿਲੀ।

ਪ11. ਗੁਰੂ ਹਰਿਕ੍ਰਿਸ਼ਨ ਜੀ ਨੂੰ ਨਤਮਸਤਕ ਹੋਣ ਲਈ ਗੁਰੂ ਤੇਗ ਬਹਾਦਰ ਜੀ ਨਾਲ ਕੌਣ ਗਿਆ?
ੳ. 21 ਮਾਰਚ 1664 ਵਿੱਚ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿੱਚ ਸਨ ਤਾਂ ਉਨ੍ਹਾਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਰਾਜਾ ਜੈ ਸਿੰਘ ਦੇ ਨਿਵਾਸ ਤੇ ਰੁਕੇ ਹੋਣ ਦਾ ਪਤਾ ਲੱਗਾ। ਉਹ ਆਪਣੀ ਮਾਤਾ ਜੀ ਅਤੇ ਹੋਰ ਸਿੱਖ ਸ਼ਰਧਾਲੂਆਂ ਸਮੇਤ ਗੁਰੂ ਸਾਹਿਬ ਨੂੰ ਨਤਮਸਤਕ ਹੋਣ ਲਈ ਪਹੁੰਚੇ। ਉਪਰੰਤ ਉਹ ਬਾਬਾ ਬਕਾਲਾ ਸਾਹਿਬ ਚਲੇ ਗਏ।

ਪ12. ਜੋਤੀ ਜੋਤ ਸਮਾ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਕੀ ਉਚਾਰਿਆ?
ੳ.  ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਉਚਾਰਿਆ “ਬਾਬਾ ਬਕਾਲੇ” ਭਾਵ ਗੁਰਤਾ ਗੱਦੀ ਦਾ ਅਗਲਾ ਵਾਰਸ ਬਕਾਲੇ ਦੇ ਸਥਾਨ ਤੇ ਹੈ। ਇਹ ਗੱਲ ਸੁਣ ਕੇ 22 ਪਾਖੰਡੀ ਬਕਾਲੇ ਦੇ ਛੋਟੇ ਜਿਹੇ ਪਿੰਡ ਵਿੱਚ ਮੰਜੀਆਂ ਲਗਾ ਕੇ ਬੈਠ ਗਏ। ਇਨ੍ਹਾਂ ਵਿੱਚੋਂ ਧੀਰਮੱਲ ਮੁੱਖ ਸੀ ਜੋ ਬਾਬਾ ਗੁਰਦਿੱਤਾ ਜੀ ਦਾ ਪੁੱਤਰ ਸੀ। ਇਸ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ  ਬੀੜ ਸੀ ਜੋ ਗੁਰੂ ਅਰਜਨ ਦੇਵ ਜੀ ਵੱਲੋਂ ਤਿਆਰ ਕਰਵਾਈ ਗਈ ਸੀ।

ਪ13. ਗੁਰੂ ਤੇਗ ਬਹਾਦਰ ਜੀ ਨੇ ਕੀ ਸਵੀਕਾਰ ਕੀਤਾ?
ੳ. ਕਾਫੀ ਸਮੇਂ ਲਈ ਸਿੱਖ ਸੰਗਤ ਦੁਬਿਧਾ ਵਿੱਚ ਰਹੀ। ਗੁਰੂ ਤੇਗ ਬਹਾਦਰ ਜੀ ਨੇ ਰੂਹਾਨੀ ਤੌਰ ਤੇ ਤਾਂ ਗੁਰਤਾਗੱਦੀ ਸਵੀਕਾਰ ਕਰ ਲਈ ਪਰ ਉਨ੍ਹਾਂ 22  ਮੰਜੀਆਂ ਡਾਹ ਕੇ ਬੈਠੇ ਪਖੰਡੀਆਂ ਦਾ ਮੁਕਾਬਲਾ ਕਰਨ ਦੀ ਬਜਾਏ ਚੁੱਪ ਅਤੇ ਇਕੱਲੇ ਰਹਿਣਾ ਸਵੀਕਾਰ ਕੀਤਾ ਅਖੀਰ ਇੱਕ ਅਜਿਹੀ ਘਟਨਾ ਵਾਪਰੀ ਸਾਰੀ ਦੁਬਿਦਾ ਖਤਮ ਕਰ ਦਿੱਤੀ।

ਪ14. ਮੱਖਣ ਸ਼ਾਹ ਲੁਬਾਣਾ ਕੌਣ ਸੀ?
ੳ. ਮੱਖਣ ਸ਼ਾਹ ਲੁਬਾਣਾ ਇੱਕ ਧਨਾਡ ਸਿੱਖ ਵਪਾਰੀ ਸੀ। ਉਹ ਟਾਂਡਾ ਜ਼ਿਲ੍ਹਾ ਜੇਹਲਮ ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਸਥਿਤ ਹੈ ਦਾ ਰਹਿਣ ਵਾਲਾ ਸੀ। ਉਹ ਗੁਰੂ ਸਾਹਿਬ ਨੂੰ ਨਤਮਸਤਕ ਹੋਣ ਅਤੇ ਪੰਜ ਸੌ ਸੋਨੇ ਦੀਆਂ ਮੋਹਰਾਂ ਭੇਟ ਕਰਨ ਵਾਸਤੇ ਬਾਬੇ ਬਕਾਲੇ ਪਹੁੰਚਿਆ।

ਪ15. ਉਸ ਦਾ ਡੁੱਬਦਾ ਜਹਾਜ਼ ਕਿਵੇਂ ਬਚਿਆ ਸੀ?

ੳ. ਉਸ ਦਾ ਜਹਾਜ਼ ਇੱਕ ਤੂਫਾਨ ਵਿੱਚ ਘਿਰ ਗਿਆ ਸੀ ਤਾਂ ਉਸ ਨੇ ਆਪਣੇ ਮਨ ਵਿੱਚ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੇ ਮੇਰਾ ਜਹਾਜ਼ ਡੁੱਬਣੋ ਬਚ ਜਾਵੇ ਤਾਂ ਮੈਂ ਪੰਜ ਸੌ ਮੋਹਰਾਂ ਗੁਰੂ ਘਰ  ਚੜ੍ਹਾਵਾਂਗਾ। ਗੁਰੂ ਸਾਹਿਬ ਦੀ ਕਿਰਪਾ ਨਾਲ ਉਸ ਦਾ ਜਹਾਜ਼ ਬਚ ਗਿਆ ਅਤੇ ਉਹ ਬਾਬਾ ਬਕਾਲਾ ਸਾਹਿਬ ਵਿਖੇ ਪੰਜ ਸੌ ਮੋਹਰਾਂ ਭੇਟ ਕਰਨ ਆਇਆ ਤਾਂ ਉਸ ਨੂੰ ਅੱਗੇ 22 ਗੁਰੂ ਬੈਠੇ ਦਿਖੇ ਤਾਂ ਉਸ ਨੇ ਹਰ ਇੱਕ ਅੱਗੇ ਦੋ ਮੋਹਰਾਂ ਧਰ ਕੇ ਮੱਥਾ ਟੇਕਣਾ ਸ਼ੁਰੂ ਕੀਤਾ। ਕਿਸੇ ਨੇ ਵੀ ਦੋ ਮੋਹਰਾਂ ਤੇ ਇਤਰਾਜ਼ ਨਹੀਂ ਪ੍ਰਗਟਾਇਆ ਤੇ ਖੁਸ਼ੀ ਖੁਸ਼ੀ ਸਵੀਕਾਰ ਕਰ ਲਈਆਂ। ਮੱਖਣ ਸ਼ਾਹ ਨੂੰ ਸ਼ੱਕ ਹੋਇਆ ਕਿ ਇੱਥੇ ਕੁਝ ਤਾਂ ਗਲਤ ਹੋ ਰਿਹਾ ਹੈ।

ਪ16.ਮੱਖਣ ਸਾਹ ਨੂੰ ਇੱਕ ਦਿਨ ਕੀ ਪਤਾ ਲੱਗਾ?
ੳ. ਇੱਕ ਦਿਨ ਪਿੰਡ ਵਾਲਿਆਂ ਦੱਸਿਆ ਕਿ ਤੇਗ ਬਹਾਦਰ ਨਾਮ ਦਾ ਇੱਕ ਹੋਰ ਗੁਰੂ ਇੱਕ ਭੋਰੇ ਵਿੱਚ ਆਪਣੇ ਘਰ ਅੰਦਰ ਭਗਤੀ ਕਰ ਰਿਹਾ ਹੈ ਤਾਂ ਮੱਖਣ ਸ਼ਾਹ ਉੱਥੇ ਪਹੁੰਚਿਆ ਅਤੇ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਗੁਰੂ ਸਾਹਿਬ ਨੇ ਮੱਖਣ ਸ਼ਾਹ ਨੂੰ ਕਿਹਾ ਕਿ ਵਾਅਦਾ ਤਾਂ ਪੰਜ ਸੌ ਮੋਹਰਾਂ ਦਾ ਕੀਤਾ ਸੀ ਹੁਣ ਦੋ ਮੋਹਰਾਂ ਰੱਖ ਰਿਹਾ ਏਂ। ਮੱਖਣ ਸ਼ਾਹ ਦੀ ਖੁਸ਼ੀ ਦਾ ਟਿਕਾਣਾ ਨਹੀਂ ਰਿਹਾ ਅਤੇ ਉਹਨੇ ਛੱਤ ਉੱਪਰ ਚੜ੍ਹ ਕੇਰੌਲਾ ਪਾਉਣਾ ਸ਼ੁਰੂ ਕਰ ਦਿੱਤਾ "ਗੁਰੂ ਲਾਧੋ ਰੇ ਗੁਰੂ ਲਾਧੋ ਰੇ"। ਉਸੇ ਸਮੇਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਗੁਰੂ ਸਾਹਿਬ ਨੂੰ ਨਤਮਸਤਕ ਹੋਣ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ।

ਪ17. ਧੀਰ ਮੱਲ ਨੇ ਗੁਰੂ ਸਾਹਿਬ ਨਾਲ ਕੀ ਕੀਤਾ?
ੳ.ਈਰਖਾ ਦੀ ਅੱਗ ਵਿੱਚ ਸੜ ਰਹੇ ਧੀਰ ਮੱਲ ਨੇ ਗੁਰੂ ਸਾਹਿਬ ਉੱਪਰ ਗੋਲੀ ਨਾਲ ਹਮਲਾ ਕੀਤਾ। ਜਦੋਂ ਇਹ ਗੋਲੀ ਗੁਰੂ ਸਾਹਿਬ ਨੂੰ ਲੱਗੀ ਤਾਂ ਸਿੱਖਾਂ ਨੇ ਇਸ ਦਾ ਜਵਾਬ ਦਿੱਤਾ ਅਤੇ ਧੀਰਮੱਲ ਕੋਲ ਮੌਜੂਦ ਗੁਰੂ ਗ੍ਰੰਥ ਸਾਹਿਬ ਦੀ ਬੀੜ ਖੋਹ ਲਈ। ਪਰ ਗੁਰੂ ਸਾਹਿਬ ਨੇ ਉਹ ਬੀੜ ਵਾਪਸ ਕਰ ਦਿੱਤੀ ਅਤੇ ਧੀਰਮਲ ਨੂੰ ਮੁਆਫ ਕਰ ਦਿੱਤਾ।

ਪ18. ਨਵੰਬਰ 1664 ਵਿੱਚ ਗੁਰੂ ਤੇਗ਼ ਬਹਾਦਰ ਜੀ ਇਸ ਨਾਲ ਹਰਿਮੰਦਰ ਸਾਹਿਬ ਨਤਮਸਤਕ ਹੋਣ ਗਏ?
ੳ. ਗੁਰੂ ਸਾਹਿਬ ਆਪਣੇ ਪਰਿਵਾਰ ਸਮੇਤ ਹਰਿਮੰਦਰ ਸਾਹਿਬ ਨਤਮਸਤਕ ਹੋਣਗੇ ਪਰ ਉੱਥੋਂ ਦੇ ਪ੍ਰਬੰਧਕਾਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਗੁਰੂ ਸਾਹਿਬ ਨੂੰ ਅੰਦਰ ਨਾ ਆਉਣ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਧੱਕੇ ਨਾਲ ਕਿਵਾੜ ਖੁਲਵਾਉਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਹ ਸ਼ਾਂਤ ਚਿੱਤ ਹੋ ਕੇ ਵੱਲ੍ਹਾ,ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਰਨ ਤਾਰਨ ਅਤੇ ਖੇਮਕਰਨ ਦੇ ਰਸਤੇ ਹੁੰਦੇ ਹੋਏ ਕੀਰਤਪੁਰ ਸਾਹਿਬ ਪਹੁੰਚੇ।ਉੱਥੇ ਪਹੁੰਚਣ ਤੋਂ ਪਹਿਲਾਂ ਉਹ ਤਲਵੰਡੀ ਸਾਬੋ ਕੇ, ਬਾਂਗਰ ਅਤੇ ਧੰਦਾਓਰ ਵੀ ਗਏਂ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਜਿੱਥੇ ਵੀ ਗਏ ਉੱਥੇ ਉਨ੍ਹਾਂ ਸਿੱਖੀ ਦੇ ਪ੍ਰਚਾਰ ਲਈ ਨਵੀਆਂ ਮੰਜੀਆਂ ਸਥਾਪਤ ਕੀਤੀਆਂ
ਗੁਰੂ ਸਾਹਿਬ 1665 ਨੂੰ ਕੀਰਤਪੁਰ ਸਾਹਿਬ ਪਹੁੰਚੇ।

ਪ19. ਜੂਨ 1665  ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਕੀ ਕੀਤਾ?
ੳ. ਜੂਨ 1665 ਨੂੰ ਸਤਲੁਜ ਦਰਿਆ ਦੇ ਕੰਢੇ ਬਿਲਾਸਪੁਰ ਦੇ ਨਜ਼ਦੀਕ ਮੱਖੋਵਾਲ ਪਿੰਡ ਕੋਲੋਂ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਰਾਜੇ ਕੋਲੋਂ ਕੁਝ ਜ਼ਮੀਨ ਖਰੀਦੀ ਅਤੇ ਉੱਥੇ ਆਪਣੀ ਮਾਤਾ ਦੇ ਨਾਮ ਤੇ ਚੱਕ ਨਾਨਕੀ ਨਾਮ ਦਾ ਨਗਰ ਵਸਾਇਆ ਜੋ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਮ ਨਾਲ ਮਸ਼ਹੂਰ ਹੋਇਆ।

ਪ20. ਨਵੇਂ ਵਸਾਏ ਨਗਰ ਵਿੱਚ ਕੁਝ ਸਮਾਂ ਰਹਿਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੇ ਕੀ ਕੀਤਾ?
ੳ. ਨਵੇਂ ਵਸਾਏ ਨਗਰ ਵਿੱਚ ਕੋਈ ਸਮਾਂ ਰਹਿਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਪੂਰਬ ਵੱਲੋਂ ਸਿੱਖ ਧਰਮ ਦੇ ਪ੍ਰਚਾਰ  ਵਾਸਤੇ ਗਏ। ਉੱਥੇ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਨਵੇਂ ਕੇਂਦਰ ਸਥਾਪਤ ਕੀਤੇ। ਅਗਸਤ 1665 ਵਿੱਚ ਉਹ ਦੂਸਰੀ ਪ੍ਰਚਾਰ ਯਾਤਰਾ ਤੇ ਨਿਕਲੇ। ਅਨੰਦਪੁਰ ਸਾਹਿਬ ਛੱਡਣ ਵੇਲੇ ਉਨ੍ਹਾਂ ਦੇ ਨਾਲ ਪੱਕੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਸੰਗੀਤਾ ਜੀ, ਭਾਈ ਦਿਆਲਾ ਜੀ, ਭਾਈ ਜੇਠਾ ਜੀ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਰਿਸ਼ਤੇਦਾਰ ਨਾਲ ਸਨ। ਇਹ ਲੰਮੀ ਯਾਤਰਾ ਦੁੱਖ ਦਰਦ ਸਹਿ ਰਹੀ ਮਨੁੱਖਤਾ ਦੇ ਭਲੇ ਲਈ ਸੀ। ਇਸ ਪ੍ਰਚਾਰ ਲਹਿਰ ਦੌਰਾਨ ਮੁਗ਼ਲ ਰਾਜ ਦੀਆਂ ਜੜ੍ਹਾਂ ਹਿੱਲ ਗਈਆਂ ਕਿਉਂਕਿ ਵੱਡੀ ਗਿਣਤੀ ਵਿੱਚ ਜ਼ੁਲਮਾਂ ਦੇ ਸਤਾਏ ਲੋਕ ਗੁਰੂ ਸਾਹਿਬ ਵੱਲੋਂ ਸਜਾਏ ਜਾਂਦੇ ਦੀਵਾਨਾਂ ਵਿੱਚ ਸ਼ਾਮਲ ਹੋਣੇ ਸ਼ੁਰੂ ਹੋ ਗਏ।

ਪ21.ਗੁਰੂ ਤੇਗ ਬਹਾਦਰ ਜੀ ਅਤੇ ਅਫਸਰ ਆਲਮ ਖ਼ਾਨ ਰੋਹੇਲਾ ਦਰਮਿਆਨ ਦਸੰਬਰ 1665  ਨੂੰ ਕੀ ਵਾਪਰਿਆ?
ੳ.ਦਸੰਬਰ 1665  ਵਿੱਚ ਗੁਰੂ ਤੇਗ਼ ਬਹਾਦਰ ਜੀ ਬਾਂਗਰ ਦੇ ਖੇਤਰ ਵਿੱਚ ਸਨ ਤਾਂ ਮੁਗ਼ਲ ਜਰਨੈਲ ਆਲਮ ਖਾਂ ਰੋਹੇਲਾ ਨੇ ਗੁਰੂ ਸਾਹਿਬ ਨੂੰ ਭਾਈ ਸਤੀ ਦਾਸ, ਮਤੀ ਦਾਸ, ਭਾਈ ਦਿਆਲਾ ਜੀ ਅਤੇ ਹੋਰ ਕਈ ਸਿੱਖਾਂ ਸਮੇਤ ਦਿੱਲੀ ਦਰਬਾਰ ਦੇ ਹੁਕਮਾਂ ਹੇਠ

ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ ਜਿਸ ਨੇ ਗੁਰੂ ਸਾਹਿਬ ਅਤੇ ਹੋਰ ਸਭ ਸਿੱਖਾਂ ਨੂੰਰਾਜਾ ਜੈ ਸਿੰਘ ਮਿਰਜਾ ਦੇ ਪੁੱਤਰ ਕਨਵਰ ਰਾਮ ਸਿੰਘ ਕੁਸ਼ਵਾਹਾ ਦੇ ਹਵਾਲੇ ਕਰ ਦਿੱਤਾ।

ਪ22.ਗੁਰੂ ਸਾਹਿਬ ਨੂੰ ਕਿੰਨੇ ਸਮੇਂ ਲਈ ਕੈਦ ਰੱਖਿਆ ਗਿਆ?
ੳ. ਰਾਮ ਰਾਜਾ ਰਾਮ ਸਿੰਘ ਦਾ ਪਰਿਵਾਰ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕੈਦੀ ਵਾਂਗ ਨਹੀਂ ਬਲਕਿ ਬੜੇ ਆਦਰ ਮਾਣ ਨਾਲ ਆਪਣੇ ਕੋਲ ਰੱਖਿਆ ਅਤੇ ਮੁਗਲ ਬਾਦਸ਼ਾਹ ਕੋਲੋਂ ਉਨ੍ਹਾਂ ਦੀ ਰਿਹਾਈ ਦੇ ਹੁਕਮ ਜਾਰੀ ਕਰਵਾਏ। ਗੁਰੂ ਸਾਹਿਬ ਨੂੰ ਦੋ ਮਹੀਨਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। ਰਿਹਾਅ ਹੋਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਮਥੁਰਾ ਅਤੇ ਬਾਅਦ ਵਿੱਚ ਆਗਰਾ ਪਹੁੰਚੇ। ਉਥੋਂ ਉਹ ਇਟਾਵਾ, ਕਾਨਪੁਰ, ਫਤਹਿਪੁਰ ਰਾਹੀਂ ਹੁੰਦੇ ਹੋਏ ਇਲਾਹਾਬਾਦ ਪਹੁੰਚੇ। ਉਹ ਬਨਾਰਸ, ਸਾਸਾਰਾਮ ਵੀ ਪਹੁੰਚੇ ਅਤੇ ਅਖ਼ੀਰ ਮਈ 1666 ਨੂੰ ਉਹ ਪਟਨਾ ਪਹੁੰਚੇ।

ਪ23. ਅਕਤੂਬਰ 1666 ਵਿੱਚ ਗੁਰੂ ਤੇਗ਼ ਬਹਾਦਰ ਜੀ ਕਿਸ ਪਾਸੇ ਵੱਲ ਨੂੰ ਵਧੇ?
ੳ. ਗੁਰੂ ਸਾਹਿਬ ਅੱਗੇ ਢਾਕਾ ਵੱਲ ਨੂੰ ਵਧੇ। ਉਹ ਮੁੰਗੇਰ, ਕਾਲੀਕੱਟ ਸਾਹਿਬਗੰਜ ਅਤੇ ਕੰਤ ਨਗਰ ਰਾਹੀਂ ਹੁੰਦੇ ਹੋਏ ਢਾਕਾ ਪਹੁੰਚੇ।ਉਸ ਪਾਸੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਮਾਤਾ ਪੈਦੀ ਜੀ ਦੀ ਅਗਵਾਈ ਵਿੱਚ ਬਰਸਾਤੀ ਮੌਸਮ ਵਾਸਤੇ ਆਪਣੇ ਪਰਿਵਾਰ ਦੇ ਰਹਿਣ ਸਹਿਣ ਦਾ ਬੰਦੋਬਸਤ ਕੀਤਾ।

ਪ24. ਧਾਰਮਿਕ ਯਾਤਰਾ ਦੇ ਦੌਰਾਨ ਗੁਰੂ ਸਾਹਿਬ ਜੀ ਦਾ ਸਾਥ ਕਿੰਨਾ ਵੱਲੋਂ ਦਿੱਤਾ ਗਿਆ?
ੳ. ਉਸ ਸਮੇਂ ਮਾਤਾ ਗੁਜਰੀ ਜੀ ਗਰਭਵਤੀ ਸਨ। ਗੁਰੂ ਸਾਹਿਬ ਜਿਸ ਜਗ੍ਹਾ ਤੇ ਵੀ ਰੁਕਦੇ ਉਸ ਜਗ੍ਹਾ ਸਤਿ ਸੰਗਤ ਅਤੇ ਕੀਰਤਨ ਦਰਬਾਰ ਸਜਾਇਆ ਜਾਂਦਾ ਅਤੇ ਧਾਰਮਿਕ ਸੰਦੇਸ਼ ਦਿੱਤੇ ਜਾਂਦੇ। ਉਸ ਸਮੇਂ ਗੁਰੂ ਸਾਹਿਬ ਦਾ ਸਾਥ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਬਾਬਾ ਗੁਰਦਿੱਤਾ ਜੀ ਆਦਿ ਸਿੱਖਾਂ ਵੱਲੋਂ ਦਿੱਤਾ ਜਾਂਦਾ।

ਪ25. ਸੰਗਤ ਦੇ ਵੱਡੇ ਇਕੱਠ ਵਾਸਤੇ ਕਿਸ ਨੇ ਮਦਦ ਕੀਤੀ?
ੳ.ਗੁਰੂ ਘਰ ਦੇ ਪੱਕੇ ਸ਼ਰਧਾਲੂ ਨੱਥਾ ਸਾਹਿਬ ਅਤੇ ਅਲਮਸਤ ਜੀ ਦੀ ਮਦਦ ਨਾਲ ਢਾਕਾ ਵਿਖੇ ਸੰਗਤ ਦਾ ਵੱਡਾ ਇਕੱਠ ਕੀਤਾ ਗਿਆ। ਗੁਰਦੁਆਰਾ ਸੰਗਤ ਟੋਲਾ ਸਾਹਿਬ ਦੇ ਅਸਥਾਨ ਤੇ ਗੁਰੂ ਸਾਹਿਬ ਸੰਗਤ ਨੂੰ ਉਪਦੇਸ਼ ਦਿੰਦੇ। ਇਸੇ ਹੀ ਅਸਥਾਨ ਤੇ ਗੁਰੂ ਸਾਹਿਬ ਨੂੰ ਪੁੱਤਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦੀ ਖਬਰ ਮਿਲੀ ਉਨ੍ਹਾਂ ਦਾ ਜਨਮ ਪੋਹ ਸੁਦੀ ਸੱਤਵੀਂ ਬਿਕਰਮੀ ਸੰਮਤ 1723, 22 ਦਸੰਬਰ 1966 ਨੂੰ ਪਟਨਾ ਵਿਖੇ ਹੋਇਆ। ਢਾਕਾ ਤੋਂ ਗੁਰੂ ਸਾਹਿਬ ਜਤੀਅ਼ਾ ਦੀਆਂ ਪਹਾੜੀਆਂ ਅਤੇ ਸਿਲਹਟ ਵਿਖੇ ਗਏ ਜਿੱਥੇ ਉਨ੍ਹਾਂ ਨੇ ਸਿੱਖ ਪ੍ਰਚਾਰ ਦੇ ਕੇਂਦਰ ਸਥਾਪਤ ਕੀਤੇ ਉੱਥੋਂ ਉਹ ਅਗਰਤਲਾ ਦੇ ਰਸਤੇ ਹੁੰਦੇ ਹੋਏ ਚਿਟਗਾਂਗ ਪਹੁੰਚੇ।

ਪ26.ਗੁਰੂ ਸਾਹਿਬ ਢਾਕਾ ਕਦੋਂ ਵਾਪਸ ਪਰਤੇ?
ੳ. ਗੁਰੂ ਸਾਹਿਬ 1668 ਵਿੱਚ ਢਾਕਾ ਵਾਪਸ ਪਰਤੇ। ਉਸ ਸਮੇਂ ਰਾਜਾ ਜੈ ਸਿੰਘ ਦਾ ਪੁੱਤਰ ਰਾਜਾ ਰਾਮ ਸਿੰਘ ਪਹਿਲਾਂ ਹੀ ਢਾਕਾ ਮੌਜੂਦ ਸੀ। ਉਸਨੇ ਗੁਰੂ ਸਾਹਿਬ ਦੀ ਅਸਾਮ ਯਾਤਰਾ ਲਈ ਸਾਰਾ ਬੰਦੋਬਸਤ ਕੀਤਾ। ਰਾਜਾ ਰਾਮ ਸਿੰਘ ਨੇ ਗੁਰੂ ਸਾਹਿਬ ਨੂੰ ਪੂਰਬ ਦੀ ਯਾਤਰਾ ਦੌਰਾਨ ਇਕੱਠੇ ਚੱਲਣ ਲਈ ਕਿਹਾ। ਗੁਰੂ ਸਾਹਿਬ ਨੇ ਉਸਦੀ ਬੇਨਤੀ ਪ੍ਰਵਾਨ ਕੀਤੀ।

ਪ27਼ ਗੁਰੂ ਸਾਹਿਬ ਨੇ ਇਸ ਯਾਤਰਾ ਦੌਰਾਨ ਕਿੱਥੇ ਬੰਦਗੀ ਕੀਤੀ?
ੳ, ਗੁਰੂ ਸਾਹਿਬ ਨੇ ਬ੍ਰਹਮਪੁੱਤਰ ਨਦੀ ਦੇ ਕੰਢੇ ਸਥਿਤ ਗੁਰਦੁਆਰਾ ਦਮਦਮਾ ਸਾਹਿਬ, ਦੁਬਰੀ ਦੇ ਅਸਥਾਨ ਤੇ ਬੰਦਗੀ ਕੀਤੀ। ਇਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਵੀ ਆਏ ਸਨ। ਗੁਰੂ ਸਾਹਿਬ ਦੀ ਯਾਤਰਾ ਕਾਰਨ ਕਾਮਰੂਪ ਦੇ ਰਾਜਾ ਅਤੇ ਰਾਜਾ ਰਾਮ ਸਿੰਘ ਦੇ ਦਰਮਿਆਨ ਯੁੱਧ ਬੰਦ ਹੋ ਗਿਆ ਤੇ ਸ਼ਾਂਤੀ ਬਹਾਲ ਹੋ ਗਈ। ਗੁਰੂ ਸਾਹਿਬ ਅਪਰੈਲ ਮਈ,1670 ਨੂੰ ਪਟਨਾ ਸਾਹਿਬ ਵਾਪਸ ਆ ਗਏ।

ਪ28਼, ਭਾਰਤ ਵਿੱਚ ਡਰ ਦਾ ਮਾਹੌਲ ਕਿਉਂ ਸੀ?
ੳ, ਭਾਰਤ ਵਿੱਚ ਮੁਸਲਿਮ ਕੱਟੜ ਰਾਜ ਦੀ ਵਜ੍ਹਾ ਕਾਰਨ ਡਰ ਦਾ ਮਾਹੌਲ ਸੀ। ਅ਼ੌਰੰਗਜੇਬ ਦਾ ਰਾਜ ਜੁਲਮ ਦਾ ਰਾਜ ਸੀ। ਉਸਨੇ ਗੈਰ ਮੁਸਲਿਮ ਤੇ ਭਾਰੀ ਟੈਕਸ ਲਗਾਏ ਸਨ। ਉਸ ਨੇ ਕਈ ਮੰਦਰ ਗੁਰਦੁਆਰੇ ਤੋੜ ਉਥੇ ਮਸਜਿਦਾਂ ਬਣਾ ਦਿੱਤੀਆਂ।
ਹੋਲੀ ਅਤੇ ਦੀਵਾਲੀ ਦੇ ਤਿਉਹਾਰ ਮਨਾਉਣ ਦੀ ਮਨਾਹੀ ਸੀ।

ਪ29, 1670 ਵਿੱਚ ਆਗਰਾ ਵਿਖੇ ਗੁਰੂ ਸਾਹਿਬ ਨਾਲ  ਕੀ ਵਾਪਰਿਆ?
ਉ,  ਗੁਰੂ ਸਾਹਿਬ ਨੇ ਅੌਰੰਗਜੇਬ ਦੇ ਜ਼ੁਲਮੀਂ ਰਾਜ ਬਾਰੇ ਸੁਣਿਆ ਸੀ।  ਉਹ ਆਗਰਾ ਤੋਂ ਪੰਜਾਬ ਵੱਲ ਤੁਰੇ ਤਾਂ ਜੂਨ 1670 ਵਿਚ ਉਹਨਾਂ ਨੂੰ ਸਾਥੀ  ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਦਿੱਲੀ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਕੁਝ ਮਹੀਨੇ ਕੈਦ ਰੱਖਣ ਤੋਂ ਬਾਅਦ ਗੁਰੂ ਸਾਹਿਬ ਤੇ ਸਿੱਖਾਂ ਨੂੰ ਰਿਹਾਅ ਕਰ ਦਿੱਤਾ ਗਿਆ। ਫਰਵਰੀ 1671 ਵਿੱਚ ਗੁਰੂ ਸਾਹਿਬ ਆਨੰਦਪੁਰ ਸਾਹਿਬ ਪਹੁੰਚੇ। ਇੱਥੇ ਉਹਨਾਂ ਦੋ ਸਾਲ ਰਹਿ ਸਿੱਖੀ ਦਾ ਪ੍ਰਚਾਰ ਕੀਤਾ ਤੇ ਲੋਕਾਂ ਦੇ ਦੁੱਖਾਂ ਤਕਲੀਫਾਂ ਦਾ ਨਾਸ਼ ਕੀਤਾ।

ਪ30਼, 1672 ਵਿੱਚ ਗੁਰੂ ਤੇਗ਼ ਬਹਾਦਰ ਜੀ ਕਿੱਧਰ ਗਏ?
ਉ, ਗੁਰੂ ਸਾਹਿਬ 1672 ਵਿੱਚ ਮਾਲਵੇ ਦੇ ਦੌਰੇ 'ਤੇ ਗਏ। ਇਹ ਇਲਾਕਾ ਬਹੁਤ ਪੱਛੜਿਆ ਹੋਇਆ ਸੀ ਪਰ ਲੋਕ ਮਿਹਨਤੀ ਸਨ। ਲੋਕ ਜੀਵਨ ਦੀਆਂ ਮੂਲ ਸਹੂਲਤਾਂ ਜਿਵੇਂ ਪੀਣਯੋਗ ਪਾਣੀ, ਦੁੱਧ, ਭੋਜਨ ਆਦਿ ਤੋਂ ਵੀ ਵਾਂਝੇ ਸਨ। ਗੁਰੂ ਸਾਹਿਬ ਡੇਢ ਸਾਲ ਇਸ ਇਲਾਕੇ ਵਿੱਚ ਵਿਚਰੇ।

ਪ31਼, ਗੁਰੂ ਸਾਹਿਬ ਤੇ ਸਿੱਖਾਂ ਨੇ ਇਸ ਇਲਾਕੇ ਦੇ ਲੋਕਾਂ ਦੀ ਮਦਦ ਕਿਵੇਂ ਕੀਤੀ?
ਉ਼,  ਇਸ ਇਲਾਕੇ ਵਿੱਚ ਗੁਰੂ ਸਾਹਿਬ ਨੇ ਲੋਕਾਂ ਨੂੰ ਬੰਜਰ ਜ਼ਮੀਨਾਂ ਉਪਰ ਰੁੱਖ ਲਗਾਉਣ ਲਈ ਪ੍ਰੇਰਿਆ। ਲੋਕਾਂ ਨੂੰ ਦੁਧਾਰੂ ਪਸ਼ੂ ਰੱਖਣ ਲਈ ਕਿਹਾ। ਇਸ ਕਾਰਜ ਲਈ ਮੁਫਤ ਲਵੇਰੇ ਪਸ਼ੂ ਵੰਡੇ ਗਏ। ਪਾਣੀ ਦੀ ਘਾਟ ਪੂਰੀ ਕਰਨ ਕਾਰ ਸੇਵਾ ਅਧੀਨ ਸਾਂਝੇ ਖੂਹ ਪੁੱਟੇ ਗਏ।

ਪ32਼, ਗੁਰੂ ਸਾਹਿਬ ਕਦੋਂ ਆਨੰਦਪੁਰ ਸਾਹਿਬ ਵਾਪਸ ਪਰਤੇ?
ਉ਼,  ਗੁਰੂ ਸਾਹਿਬ  ਆਮ ਲੋਕਾਂ ਵਿੱਚ ਵਿਚਰੇ। ਇਸ ਸਮੇ ਸਖੀ ਸਰਵਰ ਦੇ ਸ਼ਰਧਾਲੂ ਵੱਡੀ ਗਿਣਤੀ ਵਿਚ ਗੁਰੂ ਘਰ ਨਾਲ ਜੁੜੇ। ਗੁਰੂ ਸਾਹਿਬ ਨੇ ਇਸ ਇਲਾਕੇ ਵਿੱਚ ਦੂਖ ਨਿਵਾਰਨ ਸਾਹਿਬ ਪਟਿਆਲਾ, ਸਮਾਂਓਂ, ਭਿੱਖੀ, ਟਾਹਲਾ ਸਾਹਿਬ ਅਤੇ ਤਲਵੰਡੀ (ਬਠਿੰਡਾ) ਵਿਖੇ ਸਿੱਖੀ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਗੁਰੂ ਸਾਹਿਬ ਇਸ ਇਲਾਕੇ ਵਿੱਚ ਡੇਢ ਸਾਲ ਰਹਿਣ ਉਪਰੰਤ 1675 ਵਿੱਚ ਆਨੰਦਪੁਰ ਸਾਹਿਬ ਵਾਪਸ ਪਰਤੇ।

ਪ33਼, ਗੁਪਤ ਖਬਰ-ਨਵੀਸਾਂ ਨੇ ਉਸ ਸਮੇਂ ਕੀ ਕੀਤਾ?
ਉ਼, ਗੁਰੂ ਸਾਹਿਬ ਦੇ ਸਿੱਖੀ ਪ੍ਰਚਾਰ ਤੋਂ ਕੱਟੜਪੰਥੀ ਬਹੁਤ ਔਖੇ ਸਨ। ਉਸ ਸਮੇਂ ਮੁਗਲਾਂ ਦੇ ਗੁਪਤ ਖਬਰ-ਨਵੀਸਾਂ ਨੇ ਗੁਰੂ ਸਾਹਿਬ ਖਿਲਾਫ਼ ਵਧਾ ਚੜ੍ਹਾ ਕੇ ਲਿਖ ਭੇਜਣਾ।

ਪ34਼, ਅਲਟੀਮੇਟਮ ਕਿਸ ਨੂੰ ਦਿੱਤਾ ਗਿਆ?
ਉ਼,  ਉਸ ਸਮੇਂ ਮੁਗਲ ਹਕੂਮਤ ਸਾਰੇ ਭਾਰਤੀਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੇ ਰਾਹ ਤੇ ਸੀ। ਇਸ ਨਿਸ਼ਾਨੇ ਦੀ ਪੂਰਤੀ ਲਈ ਉਹਨਾ ਕਾਂਸ਼ੀ, ਹਰਿਦੁਆਰ, ਪ੍ਰਯਾਗ, ਕੁਰੂਕਸ਼ੇਤਰ ਅਤੇ ਕਸ਼ਮੀਰ ਦੇ ਪੰਡਿਤਾਂ ਨੂੰ ਚੁਣਿਆ। ਉਹਨਾਂ ਨੂੰ ਅਲਟੀਮੇਟਮ ਦਿੱਤਾ ਗਿਆ ਕਿ ਜਾਂ ਤਾਂ ਉਹ ਮੁਸਲਮਾਨ ਬਣ ਜਾਣ ਨਹੀ ਤਾਂ ਕਤਲ ਹੋਣ ਲਈ ਤਿਆਰ ਰਹਿਣ। ਇਹ ਸਭ ਬਹਾਦਰ ਅਖਵਾਉਣ ਵਾਲੇ ਰਾਜਪੂਤ ਰਾਜਿਆਂ ਦੇ ਨੱਕ ਹੇਠ ਵਾਪਰ ਰਿਹਾ ਸੀ। ਉਹ ਰਾਜੇ ਵੀ ਅਸਲ ਵਿਚ ਮੁਗਲਾਂ ਅਧੀਨ ਸਨ।

ਪ35਼, ਕਿੰਨੇ ਕਸ਼ਮੀਰੀ ਪੰਡਿਤਾਂ ਦਾ ਕਤਲ ਕੀਤਾ ਗਿਆ?
ਉ਼,  ਕਸ਼ਮੀਰੀ ਪੰਡਤਾਂ ਨੇ ਜ਼ੁਲਮ ਖਿਲਾਫ ਆਵਾਜ਼ ਨਹੀ ਉਠਾਈ ਤੇ ਆਪਣੇ ਤੇ ਹੁੰਦੇ ਜ਼ੁਲਮਾਂ ਨੂੰ ਸਹਿੰਦੇ ਰਹੇ। ਭਾਰਤ ਵਿੱਚ ਜਬਰੀ ਧਰਮ ਪਰਿਵਰਤਨ ਦੀ ਲਹਿਰ ਜੋਰ ਤੇ ਸੀ। ਸ਼ਾਹੀ ਜਰਨੈਲ ਸ਼ੇਰ ਅਫਗਾਨ ਖਾਨ ਨੇ ਇਹ ਕਾਰਵਾਈ ਕਸ਼ਮੀਰ ਤੋਂ ਸ਼ੁਰੂ ਕੀਤੀ। ਹਜਾਰਾਂ ਦੀ ਗਿਣਤੀ ਵਿੱਚ ਕਸ਼ਮੀਰੀ ਪੰਡਿਤਾਂ ਨੂੰ ਕਤਲ ਕਰ ਉਹਨਾਂ ਦੀਆਂ ਜਾਇਦਾਦਾਂ ਲੁੱਟੀਆਂ ਗਈਆਂ।

ਪ36਼, ਮਈ 1675 ਨੂੰ ਆਨੰਦਪੁਰ ਸਾਹਿਬ ਵਿਖੇ ਕੌਣ ਗੁਰੂ ਤੇਗ ਬਹਾਦੁਰ ਜੀ  ਪਾਸ ਫਰਿਆਦ ਲੈ ਕੇ ਕੌਣ ਆਇਆ?
ਉ਼,  ਕਸ਼ਮੀਰੀ ਪੰਡਤਾਂ ਵਲੋਂ ਗੁਰੂ ਸਾਹਿਬ ਪਾਸ ਪਹੁੰਚ ਕੇ ਆਪਣੇ ਦੁੱਖ ਤਕਲੀਫਾਂ ਸੁਣਾਈਆਂ ਗਈਆਂ। ਇਕ ਸਭ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਆਨੰਦਪੁਰ ਸਾਹਿਬ ਆਏ। ਗੁਰੂ ਸਾਹਿਬ ਨੇ ਅੌਰੰਗਜੇਬ ਦੇ ਜ਼ੁਲਮਾਂ ਨੂੰ ਰੋਕਣ ਦਾ ਭਰੋਸਾ ਦਿੱਤਾ। ਕਸ਼ਮੀਰੀ ਪੰਡਿਤਾਂ ਅਤੇ ਪ੍ਰਮੁੱਖ ਸਿੱਖਾਂ ਨਾਲ ਲੰਮੀ ਵਿਚਾਰ ਚਰਚਾ ਤੋਂ ਬਾਅਦ ਗੁਰੂ ਸਾਹਿਬ ਇਸ ਨਤੀਜੇ ਤੇ ਪਹੁੰਚੇ ਕਿ ਉਹ ਬ੍ਰਾਹਮਣ ਧਰਮ ਦੀ ਰੱਖਿਆ ਲਈ ਸ਼ਹਾਦਤ ਦੇਣਗੇ।

ਪ37਼, ਗੁਰੂ ਸਾਹਿਬ ਦੇ ਨਾਲ ਹੋਰ ਕੌਣ ਦਿੱਲੀ ਗਿਆ?

ਉ, ਗੁਰੂ ਸਾਹਿਬ ਗੋਬਿੰਦ ਰਾਏ ਜੀ ਨੂੰ ਜੁਲਾਈ 1675 ਵਿੱਚ ਦਸਵਾਂ ਨਾਨਕ ਥਾਪ ਆਪ ਦਿੱਲੀ ਲਈ ਰਵਾਨਾ ਹੋਏ। ਗੁਰੂ ਸਾਹਿਬ ਦੇ ਨਾਲ ਉਨ੍ਹਾਂ ਦੇ ਪੱਕੇ ਸ਼ਰਧਾਲੂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਨ। ਜਦੋਂ ਇਹ ਮਲਕਪੁਰ ਰੰਗੜਾਂ, ਰੋਪੜ ਕੋਲ ਪਹੁੰਚੇ ਤਾਂ ਮੁਗਲ ਫੌਜਦਾਰ ਮਿਰਜ਼ਾ ਨੂਰ ਮੁਹੰਮਦ ਨੇ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਲਿਆ।

ਪ38੍, ਗੁਰੂ ਸਾਹਿਬ ਨੂੰ ਕਿੱਥੇ ਕੈਦ ਰੱਖਿਆ ਗਿਆ ਅਤੇ ਉਨ੍ਹਾਂ ਵਾਲ ਜੇਲ ਵਿੱਚ ਕਿਵੇਂ ਦਾ ਵਿਵਹਾਰ ਕੀਤਾ?
ਉ, ਗੁਰੂ ਸਾਹਿਬ ਨੂੰ ਬੱਸੀ ਪਠਾਣਾਂ ਵਿਖੇ ਕੈਦ ਰੱਖਿਆ ਗਿਆ ਤੇ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਗੁਰੂ ਸਾਹਿਬ ਸ਼ਾਂਤ ਚਿੱਤ ਰਹੇ। ਉਹਨਾਂ ਨੂੰ ਕਿਹਾ ਗਿਆ ਕਿ ਉਹ ਜਾਂ ਤਾਂ ਚਮਤਕਾਰ ਦਿਖਾਉਣ ਜਾਂ ਇਸਲਾਮ ਕਬੂਲ ਕਰਨ ਨਹੀਂ ਤਾਂ ਉਹਨਾਂ ਨੂੰ ਕਤਲ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ ਸ਼ਹਾਦਤ ਪ੍ਰਾਪਤ ਕਰਨ ਦਾ ਫੈਸਲਾ ਕੀਤਾ। 11 ਨਵੰਬਰ 1675 ਨੂੰ ਚਾਂਦਨੀ ਚੌਕ ਜਿੱਥੇ ਅੱਜਕਲ ਗੁਰੂਦੁਆਰਾ ਸੀਸ ਗੰਜ ਸਾਹਿਬ ਹੈ ਵਿਖੇ ਜਲਾਦ ਨੇ ਗੁਰੂ ਸਾਹਿਬ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ।

ਪ39੍, ਗੁਰੂ ਸਾਹਿਬ ਦਾ ਸੀਸ ਕੌਣ ਉਠਾ ਕੇ ਲੈ ਗਿਆ?
ਉ, ਇਸ ਜੁਲਮੀ ਸਾਕੇ ਤੋਂ ਬਾਅਦ ਇੱਕ ਭਿਅੰਕਰ ਤੂਫਾਨ ਆਇਆ ਜਿਸ ਨਾਲ ਚਾਰੇ ਪਾਸੇ ਹਾਹਾਕਾਰ ਮੱਚ ਗਈ। ਇਸ ਸਭ ਦੇ ਦੌਰਾਨ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਦਾ ਸੀਸ ਉਠਾਇਆ, ਅਤੇ ਸੀਸ ਨੂੰ ਟੋਕਰੇ ਵਿੱਚ ਪਾ ਆਨੰਦਪੁਰ ਸਾਹਿਬ ਵੱਲ ਤੁਰ ਪਿਆ। ਉਹ 15 ਨਵੰਬਰ ਨੂੰ ਕੀਰਤਪੁਰ ਸਾਹਿਬ ਪਹੁੰਚੇ। ਬਾਲ ਅਵਸਥਾ ਵਿੱਚ ਗੁਰੂ ਗੋਬਿੰਦ ਰਾਏ ਜੀ ਵਲੋਂ ਬੜੇ ਪਿਆਰ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਅਤੇ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਸਨਮਾਨਿਤ ਕੀਤਾ। ਅਗਲੇ ਦਿਨ ਪੂਰੇ ਰੀਤੀ ਰਿਵਾਜਾਂ ਅਨੁਸਾਰ ਗੁਰੂ ਸਾਹਿਬ ਦੇ ਸੀਸ ਦਾ ਅੰਤਿਮ ਸੰਸਕਾਰ ਕੀਤਾ ਗਿਆ। (ਉਸ ਅਸਥਾਨ ਤੇ ਵੀ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। )

ਪ40੍, ਇਸ ਮੌਕੇ ਹੋਰ ਕੀ ਘਟਨਾ ਵਾਪਰੀ?
ਉ, ਉਸੇ ਮਾਹੌਲ ਦਾ ਫਾਇਦਾ ਲੈਂਦਿਆਂ ਬਹਾਦਰ ਸਿੱਖ ਅਤੇ ਵਣਜ ਵਪਾਰੀ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਗੁਰੂ ਸਾਹਿਬ ਦਾ ਧੜ ਉਠਾ ਲਿਆ ਅਤੇ ਆਪਣੇ ਘਰ ਅੰਦਰ ਚਿਖਾ ਸਜਾ ਕੇ ਘਰ ਨੂੰ ਅੱਗ ਲਗਾ ਦਿੱਤੀ। ਸਾਰਾ ਘਰ ਕੀਮਤੀ ਸਮਾਨ ਸਮੇਤ ਸੜ ਗਿਆ। ਸ਼ਾਹੀ ਪੁਲਿਸ ਇਸ ਮੌਕੇ ਗੁਰੂ ਸਾਹਿਬ ਦੇ ਧੜ ਦੀ ਤਲਾਸ਼ ਵਿੱਚ ਆਈ ਪਰ ਘਰ ਨੂੰ ਲੱਗੀ ਅੱਗ ਅਤੇ ਬੁਰੀ ਤਰ੍ਹਾਂ ਰੋਂਦੇ ਕੁਰਲਾਉਂਦੇ ਪਰਿਵਾਰ ਨੂੰ ਦੇਖ ਵਾਪਿਸ ਮੁੜ ਗਈ। ਇਸ ਜਗ੍ਹਾ ਉੱਪਰ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ।

ਪ41੍, ਇਸ ਹਕੂਮਤ ਦੇ ਤਾਨਾਸ਼ਾਹੀ ਤੇ ਜੁਲਮੀ ਰਵੱਈਏ ਨੂੰ ਕਿਸ ਨੇ ਜੱਗ ਜ਼ਾਹਰ ਕੀਤਾ?
ਉ, ਗੁਰੂ ਸਾਹਿਬ ਦੀ ਸ਼ਹਾਦਤ ਨੇ ਉਸ ਸਮੇਂ ਦੀ ਹਕੂਮਤ ਦੇ ਤਾਨਾਸ਼ਾਹੀ ਤੇ ਜੁਲਮੀ ਰਵੱਈਏ ਨੂੰ ਸਾਰਿਆਂ ਸਾਹਮਣੇ ਲਿਆਂਦਾ। ਇਸ ਘਟਨਾ ਤੋਂ ਬਾਅਦ ਲੋਕ ਔਰੰਗਜ਼ੇਬ ਨੂੰ ਨਫਰਤ ਕਰਨ ਲੱਗੇ ਅਤੇ ਸਿੱਖ ਹਥਿਆਰਬੰਦ ਹੋਣੇ ਸ਼ੁਰੂ ਹੋ ਗਏ। ਸਿੱਖਾਂ ਨੂੰ ਲੱਗਿਆ ਕਿ ਧਰਮ ਦੀ ਰਾਖੀ ਕੇਵਲ ਸ਼ਸ਼ਤਰਾਂ ਨਾਲ ਹੀ ਹੋ ਸਕਦੀ ਹੈ। ਇਸ ਤੋਂ ਬਾਅਦ ਖਾਲਸਾ ਸਿਰਜਣਾ ਹੋਈ।

ਪ42੍, ਗੁਰੂ ਤੇਗ ਬਹਾਦੁਰ ਜੀ ਕਿਸ ਚੀਜ਼ ਲਈ ਮਸ਼ਹੂਰ ਸਨ?
ਉ, ਗੁਰੂ ਸਾਹਿਬ ਇਕ ਮਹਾਨ ਕਵੀ ਤੇ ਵਿਚਾਰਕ ਸਨ। ਗੁਰੂ ਸਾਹਿਬ ਦੀ ਬਾਣੀ ਵਿਚੋਂ ਇਕ ਤੁਕ ਅਸੀ ਆਮ ਪੜਦੇ ਅਤੇ ਉਚਾਰਦੇ ਹਾਂ: "ਭੈ ਕਾਹੂ ਕਉ ਦੇਤ ਨਹਿ ਨਹਿ ਭੈਅ ਮਾਨਤ ਆਨ। ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ।।" ਗੁਰੂ ਸਾਹਿਬ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ। ਇਸ ਤੋਂ ਇਲਾਵਾ ਦਸਮ ਪਿਤਾ ਵਲੋਂ ਉਹਨਾਂ ਦੇ 57 ਸਲੋਕ ਵੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਕੀਤੇ।

ਪ43੍, ਗੁਰੂ ਸਾਹਿਬ ਨੇ ਕਿਸ ਕਾਰਣ ਕੁਰਬਾਨੀ ਦਿੱਤੀ?
ਉ, "ਹਿੰਦ ਦੀ ਚਾਦਰ" ਗੁਰੂ ਤੇਗ਼ ਬਹਾਦਰ ਜੀ ਨੇ ਧਰਮ, ਸੱਚ ਤੇ ਮਨੁੱਖਤਾ ਦੀ ਭਲਾਈ ਖਾਤਰ ਕੁਰਬਾਨੀ ਕੀਤੀ।